⑧

# ਸਹਿਜਧਾਰੀ

(ਅੰਮ੍ਰਿਤ ਪਾਲ ਸਿੰਘ 'ਅੰਮ੍ਰਿਤ')

ਸਹਿਜਧਾਰੀਆਂ ਦੇ ਮੁੱਦੇ ਉੱਤੇ ਅੱਜਕੱਲ੍ਹ ਵਿਸ਼ੇਸ ਰੂਪ ਵਿੱਚ ਬਹਿਸ ਛਿੜੀ ਹੋਈ ਹੈ । ਪੰਜਾਬ ਵਿੱਚ ਅਖੌਤੀ ਸਹਿਜਧਾਰੀਆਂ ਦੇ ਇੱਕ ਸੰਗਠਨ ਦੇ ਗਠਨ ਪਿੱਛੋਂ ਇਹ ਮੁੱਦਾ ਰਾਜਨੀਤਿਕ ਰੰਗ ਵੀ ਫੜ ਰਿਹਾ ਹੈ । ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੇ ਵੋਟਰਾਂ ਦੇ ਮਾਮਲੇ ਵਿੱਚ ਇਹ ਮੁੱਦਾ ਅਦਾਲਤ ਵਿੱਚ ਵੀ ਪਹੁੰਚਿਆ । ਸਹਿਜਧਾਰੀ ਕੌਣ ਹੈ ? ਇਸ ਬਾਰੇ ਵੱਖ-ਵੱਖ ਤਰ੍ਹਾਂ ਦੇ ਬਿਆਨ ਸੁਣਨ ਨੂੰ ਮਿਲ ਰਹੇ ਹਨ । ਕਈ ਤਾਂ *'ਸਿੱਖ ਰਹਿਤ ਮਰਯਾਦਾ'* ਦਾ ਹਵਾਲਾ ਦੇ ਕੇ ਸਹਿਜਧਾਰੀਆਂ ਦੀ ਹੋਂਦ ਤੋਂ ਹੀ ਇਨਕਾਰੀ ਹੋ ਰਹੇ ਹਨ, ਕਿਉਂਕਿ *'ਸਿੱਖ ਰਹਿਤ ਮਰਯਾਦਾ'* ਸਹਿਜਧਾਰੀ-ਪ੍ਰਥਾ ਦਾ ਜ਼ਿਕਰ ਨਹੀਂ ਕਰਦੀ ।

ਅਜੋਕਾ ਸਹਿਜਧਾਰੀ ਵਿਵਾਦ ਮੂਲ ਰੂਪ ਵਿੱਚ ਤਾਂ ਰਾਜਨੀਤਿਕ ਖੇਡ ਹੀ ਜਾਪਦਾ ਹੈ । ਅਸਲ ਵਿੱਚ ਖ਼ਾਨਦਾਨੀ ਸਹਿਜਧਾਰੀ ਪਰਿਵਾਰ ਤਾਂ ਇਸ ਵਿਵਾਦ ਤੋਂ ਬਿਲਕੁਲ ਦੂਰ ਹਨ । ਉਹ ਕਿਸੇ ਅਖੌਤੀ ਸਹਿਜਧਾਰੀ ਸੰਸਥਾ ਦੇ ਹੱਥਾਂ ਦਾ ਖਿਡੌਣਾ ਬਣਨ ਨਾਲੋਂ ਆਪਣੀਆਂ ਧਰਮਸ਼ਾਲਾਵਾਂ, ਗੁਰਦੁਆਰਿਆਂ ਜਾਂ ਘਰਾਂ ਵਿੱਚ ਗੁਰਬਾਣੀ ਦਾ ਪਾਠ ਤੇ ਕੀਰਤਨ ਕਰਨ ਨੂੰ ਤਰਜੀਹ ਦਿੰਦੇ ਹਨ । ਜੇ ਇਸ ਵਿਵਾਦ ਨੂੰ ਉਠਾਉਣ ਵਾਲੇ ਵਿਅਕਤੀਆਂ ਤੇ ਉਨ੍ਹਾਂ ਦੇ ਪਿਛੋਕੜ ਨੂੰ ਵੀਚਾਰਿਆ ਜਾਏ, ਤਾਂ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਕੁੱਝ ਪਤਿਤ ਲੋਕ ਸਹਿਜਧਾਰੀ ਦੇ ਮੁਖੌਟੇ ਹੇਠਾਂ ਸਿੱਖ ਸਮਾਜ ਵਿੱਚ ਮਾਨਤਾ ਪ੍ਰਾਪਤ ਕਰਨੀ ਚਾਹੁੰਦੇ ਹਨ । ਅਜਿਹਾ ਕਰਨ ਲਈ ਉਨ੍ਹਾਂ ਨੂੰ ਉਹ ਅੰਮ੍ਰਿਤਧਾਰੀ ਸਿੱਖ ਆਗੂ ਵੀ ਉਤਸ਼ਾਹਿਤ ਕਰ ਰਹੇ ਹਨ, ਜਿਨ੍ਹਾਂ ਦੇ ਆਪਣੇ ਬੱਚੇ ਪਤਿਤ ਹਨ; ਜਾਂ ਜਿਨ੍ਹਾਂ ਦੇ ਕੋਈ ਰਾਜਨੀਤਿਕ ਜਾਂ ਹੋਰ ਹਿੱਤ ਹਨ । ਅਜਿਹੇ ਅੰਮ੍ਰਿਤਧਾਰੀ ਆਗੂਆਂ ਵਿੱਚ ਇੰਨਾ ਤਿਆਗ ਤਾਂ ਨਹੀਂ ਹੈ ਕਿ ਉਹ ਆਪਣੇ ਪਤਿਤ ਬੱਚਿਆਂ ਨੂੰ ਆਪਣੀ ਸਾਰੀ ਜਾਇਦਾਦ ਵਿੱਚੋਂ ਬੇ-ਦਖ਼ਲ ਕਰਕੇ ਉਨ੍ਹਾਂ ਨਾਲੋਂ ਹਰ ਪ੍ਰਕਾਰ ਦੇ ਸੰਬੰਧ ਤੋੜ ਲੈਣ, ਸਗੋਂ ਆਪਣੇ ਹੀ ਬੱਚਿਆਂ ਨੂੰ ਸਿੱਖੀ ਸਰੂਪ ਵਿੱਚ ਕਾਇਮ ਰੱਖ ਸਕਣ ਵਿੱਚ ਅਸਫਲਤਾ ਦੀ ਸ਼ਰਮਿੰਦਗੀ ਨੂੰ ਦੂਰ ਕਰਨ ਲਈ ਪਤਿਤਾਂ ਨੂੰ ਸਹਿਜਧਾਰੀਆਂ ਵਜੋਂ ਮਾਨਤਾ ਦੁਆਉਣ ਦੀ ਕੋਸ਼ਿਸ਼ ਕਰ ਰਹੇ ਹਨ । ਅੱਜ ਸਥਿਤੀ ਇਹ ਹੈ ਕਿ ਪਤਿਤ ਵਿਅਕਤੀ ਗੁਰਦੁਆਰਿਆਂ ਦੇ ਪ੍ਰਬੰਧਕ ਬਣ ਕੇ ਸਿੱਖ ਗ੍ਰੰਥੀਆਂ, ਕੀਰਤਨੀਆਂ, ਪ੍ਰਚਾਰਕਾਂ ਆਦਿ ਦੀ ਨਿਯਕੁਤੀ ਕਰ ਰਹੇ ਹਨ । ਇਹ ਸੋਚਣ ਦੀ ਲੋੜ ਹੈ ਕਿ ਪਤਿਤ ਕਿਸ ਪ੍ਰਕਾਰ ਦੇ ਪ੍ਰਚਾਰਕਾਂ, ਗ੍ਰੰਥੀਆਂ ਆਦਿ ਦੀ ਨਿਯੁਕਤੀ ਕਰਨਗੇ ।

'ਰਹਿਤਨਾਮਾ ਭਾਈ ਚਉਪਾ ਸਿੰਘ' ਵਿੱਚ ਲਫ਼ਜ਼ '*ਸਹਜਧਾਰੀ* ਕਈ ਵਾਰ ਵਰਤਿਆ ਗਿਆ ਮਿਲਦਾ ਹੈ । ਸਹਿਜਧਾਰੀਆਂ ਸੰਬੰਧੀ ਅਜੋਕੇ ਵਿਵਾਦ ਨੂੰ ਹੱਲ ਕਰਨ ਵਿੱਚ 'ਰਹਿਤਨਾਮਾ ਭਾਈ ਚਉਪਾ ਸਿੰਘ' ਕੁੱਝ ਹੱਦ ਤੱਕ ਮਦਦਗਾਰ ਸਾਬਿਤ ਹੋ ਸਕਦਾ ਹੈ ।

ਸਿੱਖ ਪਰੰਪਰਾ ਅਨੁਸਾਰ, ਸਹਿਜਧਾਰੀ ਉਹ ਵਿਅਕਤੀ ਹੈ, ਜੋ ਸਹਿਜੇ-ਸਹਿਜੇ ਸਿੱਖੀ ਦੇ ਮਾਰਗ ਵੱਲ ਆ ਰਿਹਾ ਹੈ। ਆਪਣੇ ਗ੍ਰੰਥ 'ਮਹਾਨ ਕੋਸ਼' ਵਿੱਚ 'ਸਹਜਧਾਰੀ' ਲਫ਼ਜ਼ ਬਾਰੇ 'ਸਰਦਾਰ ਬਹਾਦੁਰ' ਕਾਨ੍ਹ ਸਿੰਘ ਨਾਭਾ ਲਿੱਖਦੇ ਹਨ: -"*ਸਹਜਧਾਰੀ: ਵਿ-ਸਹਜ (ਗਯਾਨ) ਧਾਰਣ ਵਾਲਾ, ਵਿਚਾਰਵਾਨ। ੨. ਸੁਖਾਲੀ ਧਾਰਣਾ ਵਾਲਾ. ਸੌਖੀ ਰੀਤਿ ਅੰਗੀਕਾਰ ਕਰਨ ਵਾਲਾ। ੩. ਸੰਗਯਾ- ਸਿੱਖਾਂ ਦਾ ਇੱਕ ਅੰਗ, ਜੋ ਖੰਡੇ ਦਾ ਅਮ੍ਰਿਤ ਪਾਨ ਨਹੀਂ ਕਰਦਾ ਅਤੇ ਕੱਛ ਕ੍ਰਿਪਾਨ ਦੀ ਰਹਿਤ ਨਹੀਂ ਰਖਦਾ, ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਬਿਨਾ ਆਪਣਾ ਹੋਰ ਧਰਮਪੁਸਤਕ ਨਹੀਂ ਮੰਨਦਾ*। ('ਮਹਾਨ ਕੋਸ਼', ਪੰਨਾ ੧੩੭, ਐਡੀਸ਼ਨ ੧੯੮੧, ਭਾਸ਼ਾ ਵਿਭਾਗ, ਪੰਜਾਬ)। ਉਸੇ ਪੰਨੇ ਉਤੈ ਦਿੱਤੇ ਫ਼ੁਟ-ਨੋਟ ਵਿੱਚ ਉਹ ਲਿੱਖਦੇ ਹਨ, "*ਪੰਜਾਬ ਅਤੇ ਸਿੰਧ ਵਿੱਚ ਸਹਜਧਾਰੀ ਬਹੁਤ ਗਿਣਤੀ ਦੇ ਹਨ. ਖ਼ਾਸ ਕਰਕੇ ਸਿੰਧ ਦੇ ਸਹਜਧਾਰੀ ਵਡੇ ਪ੍ਰੇਮੀ ਅਤੇ ਸ਼੍ਰੱਧਾਵਾਨ ਹਨ. ਜੋ ਸਿੰਘ, ਸਹਜਧਾਰੀਆਂ ਨੂੰ ਨਫ਼ਰਤ ਦੀ ਨਿਗਾਹ ਨਾਲ ਵੇਖਦੇ ਹਨ, ਉਹ ਸਿੱਖਧਰਮ ਤੋਂ ਅਞਾਣ ਹਨ.*"

ਲਫ਼ਜ਼ '*ਸਹਿਜ*' ਦਾ ਅਰਥ '*ਆਸਾਨ*' ਜਾਂ '*ਸੌਖਾ*' ਵੀ ਹੁੰਦਾ ਹੈ। ਜੇ ਸਹਿਜਧਾਰੀ ਦਾ ਅਰਥ '*ਸੌਖੀ ਰੀਤੀ ਅੰਗੀਕਾਰ ਕਰਨ ਵਾਲਾ*' ਕਰੀਏ, ਤਾਂ ਸਹਿਜਧਾਰੀ ਅਖਵਾਉਣ ਵਾਲੇ ਵਿਅਕਤੀ ਦੀ ਮਨੋ-ਦਸ਼ਾ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ। ਜੇ ਸਹਿਜਧਾਰੀ ਆਸਾਨ ਰਾਹ ਅਖ਼ਤਿਆਰ ਕਰਨ ਵਾਲਾ ਵਿਅਕਤੀ ਹੈ, ਤਾਂ ਨਿਸ਼ਚਿਤ ਰੂਪ ਵਿੱਚ ਉਹ ਭਗਤਾਂ ਦੇ ਰਾਸਤੇ ਦਾ ਰਾਹੀ ਨਹੀਂ ਹੈ, ਕਿਉਂਕਿ ਭਗਤਾਂ ਦੀ ਰੀਤੀ ਤਾਂ ਬੜੀ ਔਖੀ ਹੈ। ਭਗਤਾਂ ਦਾ ਰਾਹ ਤਾਂ ਖੰਡੇ ਦੀ ਧਾਰ ਵਰਗਾ ਹੈ। ਗੁਰਬਾਣੀ ਆਖਦੀ ਹੈ: -

"*ਭਗਤਾ ਕੀ ਚਾਲ ਨਿਰਾਲੀ ॥ ਚਾਲਾ ਨਿਰਾਲੀ ਭਗਤਾਹ ਕੇਰੀ ਬਿਖਮ ਮਾਰਗਿ ਚਲਣਾ ॥ ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ ਬਹੁਤੁ ਨਾਹੀ ਬੋਲਣਾ ॥ ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ ॥ ਗੁਰ ਪਰਸਾਦੀ ਜਿਨੀ ਆਪੁ ਤਜਿਆ ਹਰਿ ਵਾਸਨਾ ਸਮਾਣੀ ॥ ਕਹੈ ਨਾਨਕੁ ਚਾਲ ਭਗਤਾ ਜੁਗਹੁ ਜੁਗੁ ਨਿਰਾਲੀ ॥*" [੧]

ਅਤੇ

"*ਮਾਨ ਮੋਹ ਮੇਰ ਤੇਰ ਬਿਬਰਜਿਤ ਏਹੁ ਮਾਰਗੁ ਖੰਡੇ ਧਾਰ ॥*" [੨]

ਪ੍ਰਭੂ ਦਾ ਨਾਮ ਆਖਣਾ ਵੀ ਕਿਹੜਾ ਸੌਖਾ ਹੈ: -

---

[੧] ਰਾਮਕਲੀ ਮਹਲਾ ੩, ਅਨੰਦੁ, ਪੰਨਾ ੯੧੮-੯੧੯, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।

[੨] ਰਾਗੁ ਦੇਵਗੰਧਾਰੀ ਮਹਲਾ ੫ ਘਰੁ ੪, ਪੰਨਾ ੫੩੪, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।

*"ਆਖਣਿ ਅਉਖਾ ਆਖੀਐ ਪਿਆਰੇ ਕਿਉ ਸੁਣੀਐ ਸਚੁ ਨਾਉ ॥"* [3]

ਗੁਰੂ ਨਾਨਕ ਦੇਵ ਜੀ ਦੀ ਬਖ਼ਸ਼ੀ ਹੋਈ ਇਹ ਸਿੱਖੀ ਤਾਂ ਪ੍ਰੇਮ ਦੀ ਖੇਡ ਹੈ । ਸਿੱਖੀ ਦੀ ਗਲੀ ਵਿੱਚੋਂ ਲੰਘਣ ਲਈ ਤਾਂ ਸਿਰ ਨੂੰ ਤਲੀ ਉਤੇ ਰੱਖਣਾ ਪੈਂਦਾ ਹੈ: -

*"ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥ ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥"* [4]

ਸਿੱਖੀ ਤਾਂ ਸ਼ੁਰੂ ਤੋਂ ਹੀ ਸਿਰ ਮੰਗਦੀ ਆਈ ਹੈ । ਭਲਾ ਸਿਰ ਦੇਣਾ ਕਿਤੇ ਸੌਖੀ ਰੀਤੀ ਹੈ ? ਸਿੱਖੀ ਨੇ ਭਾਈ ਮਤੀ ਦਾਸ ਜੀ ਤੋਂ ਸਿਰ ਮੰਗਿਆ । ਸਿੱਖੀ ਨੇ ਭਾਈ ਸਤੀ ਦਾਸ ਜੀ ਤੋਂ ਸਿਰ ਮੰਗਿਆ । ਉਸ ਵੇਲੇ ਤਕ ਤਾਂ ਖੰਡੇ ਦੇ ਅੰਮ੍ਰਿਤ ਦੀ ਸ਼ੁਰੂਆਤ ਹੀ ਨਹੀਂ ਸੀ ਹੋਈ । ਸਿੱਖੀ ਦਾ ਰਾਹ ਤਾਂ ਉਦੋਂ ਵੀ ਸੌਖਾ ਨਹੀਂ ਸੀ । ਬਾਅਦ ਵਿੱਚ ਵੀ ਇਸ ਰਾਹ ਨੂੰ ਸੌਖਾ ਨਹੀਂ ਬਣਾ ਦਿੱਤਾ ਗਿਆ । ਬਾਬਾ ਬੰਦਾ ਸਿੰਘ ਬਹਾਦੁਰ ਜੀ ਦੀ ਸ਼ਹੀਦੀ ਇਸ ਗੱਲ ਦਾ ਪ੍ਰਮਾਣ ਹੈ । ਭਾਈ ਸਾਹਿਬ ਮਨੀ ਸਿੰਘ ਜੀ ਦੀ ਸ਼ਹੀਦੀ ਵੀ ਇਹੋ ਸੰਦੇਸ਼ ਦਿੰਦੀ ਹੈ ।

'ਰਹਿਤਨਾਮਾ ਭਾਈ ਚਉਪਾ ਸਿੰਘ' ਵਿੱਚ ਵਰਤੇ ਸਹਜਧਾਰੀ ਲਫ਼ਜ਼ ਦੀ ਵੀਚਾਰ ਕਰਨ ਤੋਂ ਪਹਿਲਾਂ ਸਾਨੂੰ ਉਹ ਇਤਿਹਾਸਿਕ ਪਿੱਠ-ਭੂਮੀ ਜਾਣ ਲੈਣੀ ਚਾਹੀਦੀ ਹੈ, ਜਿਸ ਦੌਰਾਨ ਸਿੱਖਾਂ ਵਿੱਚ ਸਹਿਜਧਾਰੀਆਂ ਦਾ ਇਹ ਵਰਗ ਪੈਦਾ ਹੋਇਆ ।

ਜਦੋਂ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਖ਼ਾਲਸਾ ਪ੍ਰਗਟ ਕੀਤਾ, ਤਾਂ ਸਭ ਤੋਂ ਪਹਿਲਾਂ ਭੱਦਣ ਕਰਨ ਦੀ ਮਨਾਹੀ ਕੀਤੀ ਗਈ । ਬ੍ਰਾਹਮਣਾਂ ਅਤੇ ਖਤਰੀਆਂ ਵਿੱਚ ਇਹ ਰੀਤੀ ਸੀ ਕਿ ਮਾਤਾ ਜਾਂ ਪਿਤਾ ਦੀ ਮੌਤ ਹੋਣ 'ਤੇ ਪੁੱਤਰ ਆਪਣਾ ਸਿਰ ਮੁੰਡਵਾ ਲੈਂਦਾ ਸੀ । ਇਹ ਹੀ ਭੱਦਣ ਦੀ ਰਸਮ ਸੀ । ਗੁਰੂ ਗੋਬਿੰਦ ਸਿੰਘ ਜੀ ਨੇ ਭੱਦਣ ਦੀ ਸਖ਼ਤ ਮਨਾਹੀ ਕਰ ਦਿੱਤੀ । ਗੁਰੂ ਸਾਹਿਬ ਜੀ ਦੇ ਇਸ ਹੁਕਮ ਬਾਰੇ ਜਾਣਕਾਰੀ ਗੁਰੂ ਜੀ ਦਾ ਹੀ ਦਰਬਾਰੀ ਕਵੀ ਸੈਨਾਪਤੀ ਆਪਣੀ ਪੁਸਤਕ 'ਸ੍ਰੀ ਗੁਰ ਸੋਭਾ' ਵਿੱਚ ਇਸ ਪ੍ਰਕਾਰ ਦਿੰਦਾ ਹੈ: -

*"ਭੱਦਰ ਤਿਆਗ ਕਰੋ ਰੇ ਭਾਈ । ਤਬ ਸਿਖਨ ਯਹ ਬਾਤ ਸੁਨਾਈ ॥੨੧॥੧੩੭॥*
*ਮਾਤਿ ਪਿਤਾ ਮਰੇ ਜੇ ਕੋਈ । ਤਉ ਭੀ ਕਰਤ ਨ ਭੱਦਰ ਹੋਈ ।*
*ਮਾਤਾ ਪਿਤਾ ਗੋਬਿੰਦ ਹਮਾਰਾ । ਏ ਸੰਸਾਰੀ ਝੂਠ ਪਸਾਰਾ ॥੨੨॥੧੩੮॥*

---

[3] ਸੋਰਠਿ ਮਹਲਾ ੧, ਪੰਨਾ ੬੩੬, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

[4] ਸਲੋਕ ਵਾਰਾਂ ਤੇ ਵਧੀਕ, ਮਹਲਾ ੧, ਪੰਨਾ ੧੪੧੨, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

*ਤਾ ਪਰ ਭੱਦਰ ਭੂਲ ਨ ਕੀਜੈ । ਯਹ ਉਪਦੇਸ਼ ਸਤਿ ਕਰ ਲੀਜੈ ।*
*ਭੱਦਰ ਭਰਮ ਧਰਮ ਕਛੁ ਨਾਹੀ । ਨਿਹਚੈ ਜਾਨਿ ਸੰਤ ਮਨ ਮਾਹੀ ॥੨੩॥੧੩੯॥*
*ਦੋਹਰਾ*
*ਸੰਗਤਿ ਭੱਦਰ ਮਤਿ ਕਰੋ ਖੁਰ*[੫] *ਨ ਲਾਵਉ ਸੀਸ ॥*
*ਮਾਤ ਪਿਤਾ ਕੋਈ ਮਰੇ ਸਤਿਗੁਰ ਕਹੀ ਹਦੀਸ*[੬] *॥੨੪॥੧੪੦॥'* (ਧਿਆਇ ੫, ਪੰਨਾ ੨੨/੨੩) ।

ਜਦੋਂ ਖੰਡੇ ਦਾ ਅੰਮ੍ਰਿਤ ਛੱਕ ਕੇ ਦੂਰ-ਦੁਰਾਡੇ ਦੀਆਂ ਸਿੱਖ-ਸੰਗਤਾਂ ਆਪੋ-ਆਪਣੇ ਇਲਾਕਿਆਂ ਵੱਲ ਪਰਤੀਆਂ, ਤਾਂ ਉਨ੍ਹਾਂ ਨੇ ਉਥੋਂ ਦੀਆਂ ਉਨ੍ਹਾਂ ਸੰਗਤਾਂ, ਜੋ ਖ਼ਾਲਸੇ ਦੀ ਸਿਰਜਣਾ ਵੇਲੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਮੌਜੂਦ ਨਹੀਂ ਸਨ, ਨੂੰ ਨਵੀਂ ਰਹਿਤ ਬਾਰੇ ਦੱਸਿਆ । ਕੁੱਝ ਲੋਕਾਂ ਨੇ ਤਾਂ ਝੱਟ-ਪੱਟ ਹੀ ਨਵੀਂ ਰਹਿਤ ਨੂੰ ਸਵੀਕਾਰ ਕਰ ਲਿਆ, ਪਰ ਕੁੱਝ ਇਸ ਨੂੰ ਸਵੀਕਾਰ ਕਰਨ ਵਿੱਚ ਝਿੱਜਕ ਵਿਖਾਉਣ ਲੱਗੇ । ਝਿੱਜਕ ਵਿਖਾਉਣ ਵਾਲਿਆਂ ਵਿੱਚ ਕੇਵਲ ਬ੍ਰਾਹਮਣ ਅਤੇ ਖਤਰੀ ਜਾਤਾਂ ਨਾਲ ਸੰਬੰਧਿਤ ਕੁੱਝ ਸਿੱਖ ਹੀ ਸਨ । ਉਨ੍ਹਾਂ ਵੱਲੋਂ ਖੰਡੇ ਦਾ ਅੰਮ੍ਰਿਤ ਛੱਕਣ ਵਿੱਚ ਝਿੱਜਕ ਦਾ ਵੱਡਾ ਕਾਰਣ ਕੇਵਲ ਇਹ ਹੀ ਸੀ ਕਿ ਨਵੀਂ ਰਹਿਤ ਅਨੁਸਾਰ ਭੱਦਣ ਕਰਨ ਦੀ ਮਨਾਹੀ ਕਰ ਦਿੱਤੀ ਗਈ ਸੀ, ਜਦਕਿ ਕਈ ਬ੍ਰਾਹਮਣਾਂ ਅਤੇ ਖਤਰੀਆਂ ਵਿੱਚ ਸਮਾਜਿਕ ਰੀਤੀ-ਰਿਵਾਜ਼ ਵਜੋਂ ਭੱਦਣ ਦੀ ਰਸਮ ਪ੍ਰਚੱਲਿਤ ਸੀ । ਹੋਰਨਾਂ ਕਥਿਤ ਨੀਵੀਂਆਂ ਜਾਤਾਂ ਵਿੱਚ ਭੱਦਣ ਕਰਨਾ ਕੋਈ ਧਾਰਮਿਕ ਰਸਮ ਨਹੀਂ ਸੀ, ਇਸਲਈ ਉਨ੍ਹਾਂ ਵੱਲੋਂ ਭੱਦਣ ਦੀ ਮਨਾਹੀ ਦਾ ਕੋਈ ਵਿਰੋਧ ਵੀ ਨਹੀਂ ਹੋਇਆ । ਇਨ੍ਹਾਂ ਕੁੱਝ ਬ੍ਰਾਹਮਣਾਂ ਅਤੇ ਖਤਰੀਆਂ ਦਾ ਕਹਿਣਾ ਸੀ ਕਿ ਜੇ ਉਹ ਆਪਣੇ ਮਾਤਾ-ਪਿਤਾ ਦੇ ਮਰਨ 'ਤੇ ਭੱਦਣ ਨਹੀਂ ਕਰਨਗੇ, ਤਾਂ ਸਮਾਜ ਵਿੱਚ ਉਨ੍ਹਾਂ ਦਾ ਸਨਮਾਨ ਨਹੀਂ ਰਹੇਗਾ । ਕਵੀ ਸੈਨਾਪਤੀ ਦਿੱਲੀ ਦੀ ਸੰਗਤ ਬਾਰੇ ਇੰਝ ਲਿੱਖਦਾ ਹੈ: -

*"ਕਰਿ ਪਾਹਲ ਸਬ ਸੰਗਤਿ ਚਾਖੀ । ਪਾਂਚ ਪਾਂਚ ਸਿਖ ਕੀਏ ਸਾਖੀ ।*
*ਖਤ੍ਰੀ ਬ੍ਰਹਮਣ ਦੁਇ ਰਹੈ ਨਿਰਾਰਾ । ਉਨ ਅਪਨੇ ਮਨ ਮਾਹਿ ਬਿਚਾਰਾ ॥੫॥੨੦੦॥*
*ਬ੍ਰਹਮਣ ਹੋਇ ਕੈ ਭਦਰ ਨ ਕੀਜੈ । ਜਗ ਮੈ ਸੋਭ ਕਵਨ ਬਿਧਿ ਲੀਜੈ ।"* (ਧਿਆਇ ੬, ਪੰਨਾ ੩੩) ।

ਕਈਆਂ ਦਾ ਇਹ ਵੀ ਕਹਿਣਾ ਸੀ ਕਿ ਉਨ੍ਹਾਂ ਨੂੰ ਨਵੀਂ ਰਹਿਤ ਬਾਰੇ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਕੋਈ ਹੁਕਮਨਾਮਾ ਆਏਗਾ, ਤਾਂ ਉਹ ਰਹਿਤ ਪ੍ਰਵਾਨ ਕਰ ਲੈਣਗੇ । ਅਜਿਹੇ ਸਿੱਖਾਂ ਨੂੰ ਲੱਗਦਾ ਸੀ ਕਿ ਸ੍ਰੀ ਅਨੰਦਪੁਰ ਤੋਂ ਪਰਤੇ ਸਿੱਖ ਨਵੀਂ ਰਹਿਤ ਬਾਰੇ ਝੂਠ ਬੋਲ ਰਹੇ ਹਨ: -

---

[੫] ਉਸਤਰਾ ।

[੬] ਗੱਲ ।

"*ਕੇਤਕ ਕਹਤ ਇਨੋ ਮਤ ਕੀਨਾ । ਸਤਿਗੁਰ ਹੁਕਮ ਨਹੀਂ ਕਛੁ ਦੀਨਾ ॥੮॥੨੦੩॥*
*ਕੇਤਕ ਕਹਤ ਲਿਖਾ ਕਛੁ ਆਵੈ । ਤਬ ਯਹ ਬਚਨ ਕਮਾਯਾ ਜਾਵੈ ।*" (ਧਿਆਇ ੬, ਪੰਨਾ ੩੩) ।

ਜਦੋਂ ਕੁੱਝ ਜੋਸ਼ੀਲੇ ਅੰਮ੍ਰਿਤਧਾਰੀ ਸਿੰਘਾਂ ਨੇ ਇਨ੍ਹਾਂ ਬ੍ਰਾਹਮਣ ਅਤੇ ਖਤਰੀ ਸਿੱਖਾਂ ਦਾ ਭਰੀ ਸੰਗਤ ਵਿੱਚ ਅਪਮਾਨ ਕਰਨਾ ਸ਼ੁਰੂ ਕਰ ਦਿੱਤਾ, ਤਾਂ ਦੋਹਾਂ ਧਿਰਾਂ ਵਿੱਚ ਦੁਫੇੜ ਪੈਣੀ ਲਾਜ਼ਮੀ ਹੀ ਸੀ । ਕਵੀ ਸੈਨਾਪਤੀ ਅਜਿਹੀ ਇੱਕ ਘਟਨਾ ਦਾ ਜ਼ਿਕਰ ਕਰਦਾ ਹੈ, ਜਿਸ ਵਿੱਚ ਇੱਕ ਖਤਰੀ ਨੂੰ ਸੰਗਤ ਵਿੱਚੋਂ ਬਾਂਹ ਪਕੜ ਕੇ ਇਸ ਲਈ ਉਠਾ ਦਿੱਤਾ ਗਿਆ, ਕਿਉਂਕਿ ਉਸ ਨੇ ਖੰਡੇ ਦੀ ਪਾਹੁਲ ਨਹੀਂ ਸੀ ਲਈ ਹੋਈ । ਬਿਨ੍ਹਾਂ ਸ਼ੱਕ ਇਹ ਅਪਮਾਨ ਵਾਲੀ ਗੱਲ ਸੀ, ਜਿਸ ਕਾਰਣ ਉਹ ਖਤਰੀ ਕ੍ਰੋਧ ਨਾਲ ਭਰ ਗਿਆ: -

"*ਪ੍ਰਥਮੇ ਜਾਤਿ ਖਤ੍ਰੀ ਏਕ । ਤਾ ਪਰਿ ਸੰਗਤਿ ਕੀਓ ਬਬੇਕ ।*
*ਬਾਹ ਪਕਰਿ ਕੈ ਦੇਹੁ ਉਠਾਇ । ਕਹੋ ਇਸੇ ਅਪਨੇ ਘਰਿ ਜਾਇ ॥੧੬॥੨੧੧॥*
*ਸਿਰਗੁੰਮ ਨਾਂਵ ਤਾਹਿ ਠਹਰਾਯੋ । ਪ੍ਰਿਥਮੇ ਸਿਖਨ ਉਸਹਿ ਉਠਾਯੋ ।*
*ਕ੍ਰੋਧਵੰਤ ਮਨ ਮੈ ਅਤਿ ਭਯੋ ।*
*ਊਚ ਨੀਚ ਮੁਖ ਤੇ ਕਛੁ ਕਹਿਯੋ ॥੧੭॥੨੧੨॥*" (ਧਿਆਇ ੬, ਪੰਨਾ ੩੪) ।[੭]

ਗੱਲ ਸਿਰਫ਼ ਭੱਦਣ ਕਰਨ ਵਾਲੇ ਲੋਕਾਂ ਦੇ ਵਿਰੋਧ ਤੱਕ ਹੀ ਸੀਮਿਤ ਨਹੀਂ ਸੀ, ਬਲਕਿ ਉਨ੍ਹਾਂ ਨਾਲ ਰੋਟੀ-ਪਾਣੀ ਦੀ ਸਾਂਝ ਰੱਖਣ ਵਾਲੇ ਵੀ ਦੋਸ਼ੀ ਮੰਨੇ ਗਏ । ਜਦੋਂ ਇੱਕ ਸਿੱਖ ਨੇ ਭੱਦਣ ਕਰਨ ਵਾਲੇ ਦੇ ਨਾਲ ਭੋਜਨ ਕੀਤਾ, ਤਾਂ ਉਸ ਦੀ ਜਵਾਬ-ਤਲਬੀ ਕੀਤੀ ਗਈ: -

"*ਤਬ ਦੂਸਰ ਸਿਖੁ ਸਿਖਨ ਮੈ ਆਯੋ । ਸਿਖਨ ਭੇਦੁ ਕਹੀ ਸੁਨ ਪਾਯੋ ।*
*ਤਬ ਵਾ ਕੋ ਉਨ ਪੂਛਨ ਕੀਨਾ । ਕਾਹੇ ਭੋਜਨ ਤੈਂ ਉਨ ਦੀਨਾ ॥੨੮॥੨੨੩॥*
*ਵਹ ਤੇ ਸਿਰਗੁੰਮ ਹਮਨ ਉਠਾਯੋ । ਤੈ ਕਿਹ ਬਿਧ ਘਰਿ ਮੈ ਬਠਲਾਯੋ ।*
*ਹਾਥ ਜੋਰਿ ਕੈ ਐਸੇ ਕਹਿਯੋ । ਬਖ਼ਸ ਲੇਹੁ ਔਗਨ ਯਹ ਭਇਯੋ। ॥੨੯॥੨੨੪॥*
*ਸਬ ਸਿਖਨ ਮਿਲਿ ਇਕ ਮਨ ਕੀਨਾ । ਤਬ ਵਾ ਕੋ ਮਿਲਾਇ ਕਰਿ ਲੀਨਾ ।*
*ਅਬ ਉਹਿ ਸੋ ਪ੍ਰੀਤ ਨ ਕਰਿਹੋ । ਜੋ ਕਛੁ ਕਹੋ ਸੋਈ ਮਨਿ ਧਰਿਹੋ ॥੩੦॥੨੨੫॥*" (ਧਿਆਇ ੬, ਪੰਨਾ ੩੬) ।

ਭਾਂਵੇਂ ਉਸ ਸਿੱਖ ਨੇ ਆਪਣੀ ਗ਼ਲਤੀ ਮੰਨ ਲਈ, ਪਰ ਉਸ ਦੀ ਪ੍ਰੀਤ ਉਸ ਭੱਦਣ ਕਰਨ ਵਾਲੇ ਖਤਰੀ ਨਾਲ ਬਣੀ ਰਹੀ । ਇਸ ਕਾਰਣ ਉਸ ਸਿੱਖ ਨੂੰ ਸੰਗਤ ਵਿੱਚੋਂ ਉਸ ਦੇ ਸਾਥੀਆਂ ਸਮੇਤ ਉਠਾ ਦਿੱਤਾ ਗਿਆ: -

[੭] ਕਵੀ ਸੈਨਾਪਤੀ ਇਨ੍ਹਾਂ ਜੋਸ਼ੀਲੇ ਸਿੰਘਾਂ ਦੀ ਕਾਰਵਾਈ ਦਾ ਸਮਰਥਕ ਹੈ ।

"*ਕੇਤਕਿ ਦਿਨ ਜਬ ਭਏ ਬਿਤੀਤਾ । ਅਧਕ ਤਾਸ ਤਾਹੀ ਸੰਗਿ ਪ੍ਰੀਤਾ ।*
*ਪ੍ਰਗਟਿ ਬਾਤ ਸਿਖਨ ਜਬ ਸੁਨੀ । ਕੇਤਕ ਸੁਨਿ ਕੇ ਮੂੰਡੀ ਧੁਨੀ ॥੩੨॥੨੨੭॥*
*ਏਕ ਸਿਖ ਕੇ ਅਉਸਰ ਭਇਉ । ਤਬ ਦੂਸਰ ਸਿਖਨ ਮੈ ਗਇਉ ।*
*ਤਬ ਸਬ ਸਿਖਨ ਸੀਖ ਬਤਾਈ । ਬਾਹ ਪਕਰਿ ਕੈ ਦੀਓ ਉਠਾਈ ॥੩੩॥੨੨੮॥*
*ਕੇਤਕ ਸੰਗੀ ਅਵਰ ਉਠਾਏ । ਕ੍ਰੋਧਵੰਤ ਅਪਨੇ ਘਰਿ ਆਏ ।*
*ਕੋਪ ਕੀਓ ਮਨ ਮੈ ਅਤਿ ਭਾਰਾ ।*
*ਸਭਾ ਜੋਰ ਕੈ ਕੀਓ ਬਿਚਾਰਾ ॥੩੪॥੨੨੯॥*" (ਧਿਆਇ ੭, ਪੰਨਾ ੩੭/੩੮) ।

ਭੱਦਣ ਦੀ ਮਨਾਹੀ ਦਾ ਵਿਰੋਧ ਕਰਨ ਵਾਲੇ ਖਤਰੀ ਇੱਕ ਸ਼ਕਤੀਸ਼ਾਲੀ ਧਿਰ ਸਨ । ਉਨ੍ਹਾਂ ਨੇ ਇੱਕ ਇਕੱਠ ਕੀਤਾ ਅਤੇ ਅੰਮ੍ਰਿਤਧਾਰੀ ਸਿੰਘਾਂ ਦਾ ਬਹਿਸ਼ਕਾਰ ਕਰ ਦਿੱਤਾ । ਇਹ ਮਸਲਾ ਹਕੂਮਤ ਦੇ ਅਹਿਲਕਾਰਾਂ ਕੋਲ ਵੀ ਪੁੱਜਾ । ਅੰਮ੍ਰਿਤਧਾਰੀ ਸਿੰਘ ਇੱਕ ਪਾਸੇ ਹੋ ਗਏ ਤੇ ਦੂਜੇ ਸਿੱਖ ਇੱਕ ਪਾਸੇ । ਆਖ਼ਿਰਕਾਰ ਦੋਹਾਂ ਧਿਰਾਂ ਵਿੱਚ ਸਮਝੌਤਾ ਹੋ ਗਿਆ । ਭੱਦਣ ਕਰਨ ਵਾਲੇ ਇਹ ਲੋਕ ਨਵੀਂ ਰਹਿਤ ਨੂੰ ਇੱਕ ਦਮ ਨਾ ਅਪਣਾ ਸਕੇ । ਇਹ ਲੋਕ ਸਹਿਜੇ-ਸਹਿਜੇ ਹੀ ਖ਼ਾਲਸੇ ਦੀ ਰਹਿਤ ਅਪਨਾਉਣ ਵੱਲ ਅੱਗੇ ਵਧੇ । ਕੁੱਝ-ਕੁ ਤਾਂ ਅਜਿਹੇ ਵੀ ਸਨ, ਜਿਹੜੇ ਕਦੇ ਵੀ ਖ਼ਾਲਸੇ ਦੀ ਰਹਿਤ ਧਾਰਣ ਕਰਨ ਜੋਗੇ ਨਾ ਬਣ ਸਕੇ । ਉਨ੍ਹਾਂ ਦੀ ਔਲਾਦ ਵੀ ਪੁਰਾਣੀਆਂ ਰਸਮਾਂ ਤੋਂ ਖਹਿੜਾ ਨਾ ਛੁਡਾ ਸਕੀ ਤੇ ਇੰਝ ਭੱਦਣ ਦੀ ਰਸਮ ਉਨ੍ਹਾਂ ਵਿੱਚ ਪ੍ਰਚੱਲਿਤ ਰਹੀ । 'ਰਹਿਤਨਾਮਾ ਭਾਈ ਚਉਪਾ ਸਿੰਘ' ਅਨੁਸਾਰ, "*ਗੁਰੂ ਕਾ ਸਿਖ ਸਹਜਧਾਰੀ, ਭੱਦਣ ਨਾ ਕਰਾਏ* ।" ਸਪਸ਼ਟ ਹੈ ਕਿ ਗੁਰੂ ਸਾਹਿਬ ਵੱਲੋਂ ਭੱਦਣ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਗਈ । ਕੁੱਝ ਲੋਕ ਅਜਿਹੇ ਸਨ, ਜਿਨ੍ਹਾਂ ਨੇ ਭੱਦਣ ਕਰਨਾ ਤਾਂ ਬੰਦ ਕਰ ਦਿੱਤਾ, ਪਰ ਤਥਾ-ਕਥਿਤ ਉੱਚੀ ਜਾਤ ਦੇ ਹੋਣ ਕਾਰਣ ਖ਼ਾਲਸਾ ਰਹਿਤ ਨੂੰ ਪੂਰੀ ਤਰ੍ਹਾਂ ਅਪਣਾ ਵੀ ਨਾ ਸਕੇ । ਅਜਿਹੇ ਲੋਕ ਹੀ ਸਹਿਜਧਾਰੀ ਅਖਵਾਏ ।

ਇੱਥੇ ਇਹ ਧਿਆਨ ਰੱਖਣਾ ਚਾਹੀਦਾ ਹੈ ਕਿ ਬ੍ਰਾਹਮਣ ਅਤੇ ਖਤਰੀ ਜਾਤਾਂ ਨਾਲ ਸੰਬੰਧਿਤ ਸਾਰੇ ਸਿੱਖਾਂ ਨੇ ਹੀ ਭੱਦਣ ਦੀ ਮਨਾਹੀ ਦਾ ਜਾਂ ਹੋਰ ਰਹਿਤਾਂ ਦਾ ਵਿਰੋਧ ਨਹੀਂ ਸੀ ਕੀਤਾ । ਸਿੱਖ ਇਤਿਹਾਸ ਭਾਈ ਕ੍ਰਿਪਾ ਸਿੰਘ ਜੀ (ਪੰਡਿਤ ਕ੍ਰਿਪਾ ਰਾਮ ਦੱਤ) ਵਰਗੇ ਬ੍ਰਾਹਮਣ ਪਿਛੋਕੜ ਵਾਲੇ ਸ਼ਹੀਦਾਂ ਅਤੇ ਭਾਈ ਉਦੇ ਸਿੰਘ ਜੀ ਵਰਗੇ ਰਾਜਪੂਤ ਪਿਛੋਕੜ ਵਾਲੇ ਸ਼ਹੀਦਾਂ ਦਾ ਜ਼ਿਕਰ ਕਰਦਾ ਹੈ, ਜੋ ਅੰਮ੍ਰਿਤਧਾਰੀ ਸਨ । ਭਾਈ ਚਉਪਾ ਸਿੰਘ ਜੀ ਬ੍ਰਾਹਮਣ ਪਿਛੋਕੜ ਦੇ ਸਨ ਤੇ ਭਾਈ ਸਾਹਿਬ ਸਿੰਘ ਜੀ ਖਤਰੀ ਪਿਛੋਕੜ ਦੇ ਸਨ । ਦੋਹਾਂ ਗੁਰਸਿੱਖਾਂ ਨੇ ਖੰਡੇ ਦਾ ਅੰਮ੍ਰਿਤ ਛੱਕਿਆ ਹੋਇਆ ਸੀ ।

ਭਾਈ ਕੁਇਰ ਸਿੰਘ ਆਪਣੇ ਗ੍ਰੰਥ 'ਗੁਰ ਬਿਲਾਸ ਪਾਤਸ਼ਾਹੀ ੧੦' ਵਿੱਚ ਪੰਜ ਬ੍ਰਾਹਮਣਾਂ ਦੇ ਨਾਮ ਲਿੱਖਦੇ ਹਨ, ਜਿਨ੍ਹਾਂ ਨੇ ਖੰਡੇ ਦਾ ਅੰਮ੍ਰਿਤ ਛੱਕਿਆ ਤੇ ਮੁਕਤੇ ਸਿੰਘਾਂ ਵਿੱਚ ਗਿਣੇ ਗਏ । ਇਹ ਪੰਜੇ ਕਸ਼ਮੀਰੀ ਪੰਡਿਤ

ਸਨ । ਇਨ੍ਹਾਂ ਦੇ ਨਾਮ ਇਸ ਪ੍ਰਕਾਰ ਹਨ: - ਭਾਈ ਕ੍ਰਿਪਾ ਸਿੰਘ ਜੀ, ਭਾਈ ਰਾਮ ਸਿੰਘ ਜੀ, ਭਾਈ ਗੁਰਮੁਖ ਸਿੰਘ ਜੀ, ਭਾਈ ਸਨਮੁਖ ਸਿੰਘ ਜੀ ਅਤੇ ਭਾਈ ਦਇਆ ਸਿੰਘ ਜੀ । ਇਸੇ ਤਰ੍ਹਾਂ, ਪੰਜ ਖਤਰੀ ਵੀ ਖੰਡੇ ਦਾ ਅੰਮ੍ਰਿਤ ਛੱਕ ਕੇ ਇਨ੍ਹਾਂ ੨੫ ਮੁਕਤਿਆਂ ਵਿੱਚ ਸ਼ਾਮਿਲ ਹੋਏ ।

ਇਹ ਸੀ ਇਤਿਹਾਸਿਕ ਪਿੱਠ-ਭੂਮੀ, ਜਿਸ ਵਿੱਚੋਂ ਸਹਿਜਧਾਰੀਆਂ ਦਾ ਉਦੇ ਹੁੰਦਾ ਹੈ । ਕਵੀ ਸੈਨਾਪਤੀ ਦੀ ਇਸ ਪੰਕਤੀ *"ਖਤ੍ਰੀ ਬ੍ਰਹਮਣ ਦੁਇ ਰਹੈ ਨਿਰਾਰਾ" ਤੋਂ* ਇੱਕ ਗੱਲ ਸਪਸ਼ਟ ਹੈ ਕਿ ਸਹਿਜਧਾਰੀ ਪਰਿਵਾਰ ਬ੍ਰਾਹਮਣ ਜਾਂ ਖਤਰੀ ਜਾਤਾਂ ਨਾਲ ਹੀ ਸੰਬੰਧਿਤ ਸਨ । ਅਜਿਹਾ ਵੀ ਨਹੀਂ ਕਿ ਉਨ੍ਹਾਂ ਪਰਿਵਾਰਾਂ ਵਿੱਚ ਕਦੇ ਕਿਸੇ ਨੇ ਖੰਡੇ ਦੇ ਅੰਮ੍ਰਿਤ ਦੀ ਬਖ਼ਸ਼ਿਸ਼ ਪ੍ਰਾਪਤ ਹੀ ਨਾ ਕੀਤੀ ਹੋਏ । ਕਈ ਗੁਰਸਿੱਖ ਐਸੇ ਸਨ, ਜੋ ਸਹਿਜਧਾਰੀ ਪਰਿਵਾਰਾਂ ਵਿੱਚ ਹੀ ਪੈਦਾ ਹੋਏ, ਪਰ ਫਿਰ ਉਨ੍ਹਾਂ ਨੇ ਖੰਡੇ ਦੀ ਪਾਹੁਲ ਪ੍ਰਾਪਤ ਕੀਤੀ । ਸੰਤ ਬਿਸ਼ਨ ਸਿੰਘ ਮੁਰਾਲੇ ਵਾਲੇ ਇੱਕ ਸਹਿਜਧਾਰੀ ਲਾਲ ਦੇਵ (ਅਰੋੜਾ) ਦੇ ਘਰ ਪੈਦਾ ਹੋਏ । ਪਿਤਾ ਲਾਲ ਦੇਵ ਜੀ ਨੇ ਨਵ-ਜੰਮੇ ਬਾਲਕ ਨੂੰ ਇਸ਼ਨਾਨ ਕਰਾ ਕੇ ਗੁਰਦੁਆਰਾ ਸਾਹਿਬ ਲੈ ਜਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਲਿਟਾ ਦਿੱਤਾ । ਉਥੈ ਹੀ ਨਵ-ਜਨਮੇ ਬਾਲਕ ਦਾ ਨਾਮ-ਕਰਣ ਕੀਤਾ ਗਿਆ ਤੇ ਗੁੜ੍ਹਤੀ ਦਿੱਤੀ ਗਈ ਸੀ । ਸੰਤ ਸੁੰਦਰ ਸਿੰਘ ਭਿੰਡਰਾਂਵਾਲੇ ਇਨ੍ਹਾਂ ਸੰਤ ਬਿਸ਼ਨ ਸਿੰਘ ਮੁਰਾਲੇ ਵਾਲਿਆਂ ਦੇ ਹੀ ਵਿਦਿਆਰਥੀ ਸਨ ।[੮] ਸੁਣ ਕੇ ਹੈਰਾਨੀ ਤਾਂ ਹੁੰਦੀ ਹੈ, ਪਰ ਇਹ ਸੱਚ ਹੈ ਕਿ ਖ਼ੁਦ ਸਹਿਜਧਾਰੀ ਹੋਣ ਦੇ ਬਾਵਜੂਦ ਕਈ ਪੁਰਾਤਨ ਸਹਿਜਧਾਰੀ ਬਜ਼ੁਰਗ ਆਪਣੇ ਬੱਚਿਆਂ ਅਤੇ ਹੋਰਨਾਂ ਨੂੰ ਅੰਮ੍ਰਿਤਧਾਰੀ ਬਣਨ ਦੀ ਪ੍ਰੇਰਨਾ ਦਿੰਦੇ ਰਹੇ । ਸਹਿਜਧਾਰੀਆਂ ਵਿੱਚ ਕਈ ਪੂਰਨ ਕੇਸਧਾਰੀ ਲੋਕ ਵੀ ਹੋਏ ਹਨ ।

ਭਾਈ ਦੇਸ ਰਾਜ ਜੀ ਇੱਕ ਪ੍ਰਸਿੱਧ ਸਹਿਜਧਾਰੀ ਹੋਏ ਹਨ । ਜਦੋਂ ਅਹਿਮਦ ਸ਼ਾਹ ਦੁੱਰਾਨੀ ਨੇ ਸ੍ਰੀ ਹਰਿਮੰਦਿਰ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ ਨੂੰ ਢਾਹ ਦਿੱਤਾ ਸੀ, ਤਾਂ ਖ਼ਾਲਸੇ ਨੇ ਸ੍ਰੀ ਹਰਿਮੰਦਿਰ ਸਾਹਿਬ ਜੀ ਦੀ ਮੁੜ ਉਸਾਰੀ ਦੀ ਕਾਰ-ਸੇਵਾ ਭਾਈ ਦੇਸ ਰਾਜ ਜੀ ਨੂੰ ਹੀ ਸੌਂਪੀ ਸੀ, ਜਿਸਨੂੰ ਭਾਈ ਜੀ ਨੇ ਬੜੀ ਸਫਲਤਾ ਨਾਲ ਨੇਪਰੇ ਚਾੜ੍ਹਿਆ ਸੀ । ਆਪ ਜੀ ਖਤਰੀ ਪਿਛੋਕੜ ਤੋਂ ਸਨ ।

ਅਜੋਕੇ ਸਮੇਂ ਵਿੱਚ ਸਹਿਜਧਾਰੀਆਂ ਦੀ ਗਿਣਤੀ ਘੱਟਦੀ ਜਾ ਰਹੀ ਹੈ । ਅਜਿਹਾ ਨਹੀਂ ਕਿ ਉਹ ਅੰਮ੍ਰਿਤਧਾਰੀ ਬਣਦੇ ਜਾ ਰਹੇ ਹਨ, ਬਲਕਿ ਉਹ ਹਿੰਦੂ ਮਤਿ ਦੀ ਬੁੱਕਲ ਵਿੱਚ ਸਮਾਉਂਦੇ ਜਾ ਰਹੇ ਹਨ । ਬਹੁਤੇ ਸਹਿਜਧਾਰੀ, ਜੋ ਅਜੇ ਵੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਆਪਣੀਆਂ ਧਾਰਮਿਕ ਰਸਮਾਂ ਨਿਭਾਉਂਦੇ ਹਨ, ਖ਼ੁਦ ਨੂੰ ਸਿੱਖ ਮੰਨਦੇ ਹੋਏ ਵੀ ਹਿੰਦੂ ਅਖਵਾਉਂਦੇ ਹਨ । ਕੁੱਝ ਪੱਕੇ ਸਹਿਜਧਾਰੀ ਆਪਣੇ-ਆਪ ਨੂੰ ਹਿੰਦੂ ਨਹੀਂ ਮੰਨਦੇ, ਬਲਕਿ ਸਿੱਖ ਅਖਵਾ ਕੇ ਖ਼ੁਸ਼ ਹੁੰਦੇ ਹਨ, ਹਾਲਾਂਕਿ ਅਜਿਹੇ ਲੋਕਾਂ ਦੀ ਗਿਣਤੀ ਉਂਗਲਾਂ 'ਤੇ ਗਿਣਨ ਜੋਗੀ ਹੀ ਹੈ ।

---

[੮] ਦੇਖੋ, 'ਖ਼ਾਲਸਾ ਜੀਵਨ ਅਤੇ ਗੁਰਮਤਿ ਰਹਿਤ ਮਰਯਾਦਾ', ਲੇਖਕ: ਸੰਤ ਕਰਤਾਰ ਸਿੰਘ ਭਿੰਡਰਾਂਵਾਲੇ ।

ਭਾਰਤ ਵਿੱਚ ਸਹਿਜਧਾਰੀਆਂ ਦੀ ਜ਼ਿਆਦਾ ਵੱਸੋਂ ਮਹਾਰਾਸ਼ਟਰ ਤੇ ਗੁਜਰਾਤ ਆਦਿ ਦੇ ਇਲਾਕਿਆਂ ਵਿੱਚ ਹੀ ਹੈ। ਇਹ ਜ਼ਿਆਦਾਤਰ ਸਿੰਧੀ ਹਨ। ਗੁਰੂ ਗ੍ਰੰਥ ਸਾਹਿਬ ਜੀ ਦਾ ਸਿੰਧੀ ਅਨੁਵਾਦ ਵੀ ਸਹਿਜਧਾਰੀਆਂ ਵੱਲੋਂ ਕੀਤਾ ਗਿਆ ਹੈ। ਆਪਣੀਆਂ ਧਰਮਸ਼ਾਲਾਵਾਂ ਵਿੱਚ ਇਹ ਗੁਰੂ ਗ੍ਰੰਥ ਸਾਹਿਬ ਜੀ ਦਾ ਹੀ ਪ੍ਰਕਾਸ਼ ਕਰਦੇ ਹਨ।

ਪਾਕਿਸਤਾਨ ਵਿੱਚ ਸਹਿਜਧਾਰੀਆਂ ਦੀ ਚੰਗੀ ਗਿਣਤੀ ਹੈ। ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਪ੍ਰਕਾਸ਼ ਪੁਰਬ ਦੇ ਮੌਕੇ 'ਤੇ ਪਾਕਿਸਤਾਨੀ ਸਹਿਜਧਾਰੀ, ਜੋ ਜ਼ਿਆਦਾਤਰ ਸਿੰਧੀ ਹੀ ਹਨ, ਭਾਰੀ ਗਿਣਤੀ ਵਿੱਚ ਇਕੱਠੇ ਹੋ ਕੇ ਆਪਣੀ ਸ਼ਰਧਾ ਦਾ ਪ੍ਰਗਟਾਵਾ ਕਰਦੇ ਹਨ। ਭਾਰਤ-ਪਾਕਿਸਤਾਨ ਦੀ ਵੰਡ ਤੋਂ ਪਹਿਲਾਂ ਸਹਿਜਧਾਰੀਆਂ ਦੀ ਕੁੱਝ ਆਬਾਦੀ ਅਫ਼ਗ਼ਾਨਿਸਤਾਨ ਵਿੱਚ ਵੀ ਸੀ। ਅਕਾਲੀ ਕੌਰ ਸਿੰਘ ਜੀ ਨਿਹੰਗ ਵਰਗੇ ਗੁਰਸਿੱਖ ਪ੍ਰਚਾਰਕ ਉਨ੍ਹਾਂ ਸਮਿਆਂ ਵਿੱਚ ਵੀ ਅਫ਼ਗ਼ਾਨਿਸਤਾਨ ਵਰਗੇ ਇਲਾਕਿਆਂ ਵਿੱਚ ਜਾ ਕੇ ਸਿੱਖ ਸੰਗਤਾਂ ਵਿੱਚ ਪ੍ਰਚਾਰ ਕਰਦੇ ਰਹੇ ਸਨ। ਭਾਰਤ-ਪਾਕਿਸਤਾਨ ਦੀ ਵੰਡ ਤੋਂ ਫ਼ੌਰਨ ਮਗਰੋਂ ਵੀ ਬਹੁਤ ਸਾਰੇ ਸਿੱਖ ਅਤੇ ਸਹਿਜਧਾਰੀ ਅਫ਼ਗ਼ਾਨਿਸਤਾਨ ਵੱਲ ਚਲੇ ਗਏ ਸਨ। ਕੰਧਾਰ ਅਤੇ ਇਸ ਦੇ ਆਸ-ਪਾਸ ਦੇ ਇਲਾਕਿਆਂ ਵਿੱਚ ਸਹਿਜਧਾਰੀਆਂ ਦੀ ਕਾਫ਼ੀ ਗਿਣਤੀ ਹੁੰਦੀ ਸੀ। ਕੱਟੜ ਮੁਸਲਮਾਨੀ ਤਾਕਤਾਂ ਦੇ ਸੱਤਾ ਵਿੱਚ ਆ ਜਾਣ ਤੋਂ ਬਾਅਦ ਅਫ਼ਗ਼ਾਨਿਸਤਾਨ ਦੇ ਸਿੱਖਾਂ ਵਾਂਗ ਸਹਿਜਧਾਰੀਆਂ ਵੀ ਨੂੰ ਪਲਾਇਨ ਲਈ ਮਜਬੂਰ ਹੋਣਾ ਪਿਆ ਹੈ। ਕੁੱਝ ਲੋਕ ਅਫ਼ਗ਼ਾਨਿਸਤਾਨ ਤੋਂ ਹਿਜਰਤ ਕਰਕੇ ਭਾਰਤ ਵਿੱਚ ਆ ਕੇ ਰਹਿ ਰਹੇ ਹਨ। ਇਨ੍ਹਾਂ ਵਿੱਚੋਂ ਕਿੰਨੇ-ਕੁ ਲੋਕ ਅਜਿਹੇ ਹਨ, ਜਿਨ੍ਹਾਂ ਨੂੰ ਸਹਿਜਧਾਰੀ ਕਿਹਾ ਜਾ ਸਕਦਾ ਹੈ, ਇਹ ਡੂੰਘੀ ਵੀਚਾਰ ਦਾ ਵਿਸ਼ਾ ਹੈ।

ਸਹਿਜਧਾਰੀ ਤੇ ਪਤਿਤ ਵਿੱਚਲੇ ਅੰਤਰ ਨੂੰ ਸਮਝਿਆ ਜਾਣਾ ਚਾਹੀਦਾ ਹੈ। ਕੇਸਧਾਰੀ ਸਿੱਖ ਪਰਿਵਾਰ ਵਿੱਚ ਪੈਦਾ ਹੋਣ ਵਾਲਾ ਵਿਅਕਤੀ ਕੇਸ ਜਾਂ ਦਾੜ੍ਹੀ ਕਟਾ ਲਏ, ਤਾਂ ਉਸ ਨੂੰ ਪਤਿਤ ਕਿਹਾ ਜਾਂਦਾ ਹੈ। ਪਤਿਤ ਦੀ ਅਰਦਾਸ ਤਖ਼ਤ ਸਾਹਿਬਾਨ ਵਿਖੇ ਪ੍ਰਵਾਨ ਨਹੀਂ ਹੁੰਦੀ। ਜੇ ਸਹਿਜਧਾਰੀ ਸਿੱਖੀ ਦੇ ਮਾਰਗ ਵੱਲ ਆ ਰਿਹਾ ਹੈ, ਤਾਂ ਪਤਿਤ ਸਿੱਖੀ ਦੇ ਮਾਰਗ ਤੋਂ ਦੂਰ ਜਾ ਰਿਹਾ ਹੈ। ਸਿੱਖ ਦੇ ਪੁੱਤਰ ਵੱਲੋਂ ਕੇਸ ਕਤਲ ਕਰਵਾਉਣ ਬਾਰੇ ਇਸ ਤਰ੍ਹਾਂ ਆਖਿਆ ਗਿਆ ਹੈ, "*ਬਚਨ ਹੈ ਸ੍ਰੀ ਗੁਰੂ ਜੀ ਕਾ ਕਿ ਜੇ ਕੋਈ ਸਿਖ ਦਾ ਬੇਟਾ ਹੋਇ ਔਰ ਮੋਨਾ ਹੋਇ ਜਾਵੇ, ਤਿਸ ਕੀ ਜੜ ਸੁੱਕੀ ਔਰ ਜੋ ਮੋਨਾ, ਸਿਖ ਹੋਇ ਜਾਵੇ, ਤਿਸ ਕੀ ਜੜ ਹਰੀ*"। ('ਤਨਖਾਹਨਾਮਾ ਭਾਈ ਨੰਦ ਲਾਲ', ਪੁਸਤਕ 'ਰਹਿਤਨਾਮੇ', ਸੰਪਾਦਕ: ਪ੍ਰੋ. ਪਿਆਰਾ ਸਿੰਘ 'ਪਦਮ')। ਕਿਸੇ ਪਤਿਤ ਦੇ ਘਰ ਪੈਦਾ ਹੋਏ ਬੱਚੇ ਨੂੰ ਵੀ ਸਹਿਜਧਾਰੀ ਵਜੋਂ ਮਾਨਤਾ ਨਹੀਂ ਦਿੱਤੀ ਜਾ ਸਕਦੀ।

ਕੇਸ ਕਤਲ ਕਰਨ ਵਾਲੇ ਪਤਿਤ ਨੂੰ ਸਿੱਖ ਪਰੰਪਰਾ ਵਿੱਚ 'ਸਿਰਗੁੰਮ' ਆਖਿਆ ਗਿਆ ਹੈ। 'ਸਿੱਖ ਰਹਿਤ ਮਰਯਾਦਾ' ਵਿੱਚ ਸਿਰਗੁੰਮ ਦਾ ਸੰਗ ਕਰਨ ਤੋਂ ਮਨ੍ਹਾਂ ਕੀਤਾ ਗਿਆ ਹੈ, "*ਸਿਰਗੁੰਮ, ਨੜੀਮਾਰ (ਜੋ ਸਿੱਖ ਹੋ ਕੇ ਇਹ ਕੰਮ ਕਰਨ) ਦਾ ਸੰਗ ਨਹੀਂ ਕਰਨਾ*" ਅਤੇ "*ਮੀਣੇ, ਮਸੰਦ, ਧੀਰਮੱਲੀਏ, ਰਾਮਰਾਈਏ ਆਦਿਕ ਪੰਥ ਵਿਰੋਧੀਆਂ ਨਾਲ ਜਾਂ ਨੜੀਮਾਰ, ਕੁੜੀਮਾਰ, ਸਿਰਗੁੰਮ ਨਾਲ ਵਰਤਣ ਵਾਲਾ ਤਨਖਾਹੀਆ ਹੋ ਜਾਂਦਾ ਹੈ।*" ਜਿਸ ਨਾਲ ਵਰਤਣ ਨਾਲ ਵੀ ਸਿੱਖ ਤਨਖਾਹੀਆ ਹੋ ਜਾਂਦਾ ਹੈ, ਅਜਿਹੇ ਪਤਿਤ ਜਾਂ ਸਿਰਗੁੰਮ ਨੂੰ ਕਿਸੇ ਤਰ੍ਹਾਂ

ਵੀ ਸਿੱਖ ਵਜੋਂ ਪ੍ਰਵਾਨ ਕਿਵੇਂ ਕੀਤਾ ਜਾ ਸਕਦਾ ਹੈ ? ਸਹਿਜਧਾਰੀ ਨਾਲ ਵਰਤਣ ਦੀ ਮਨਾਹੀ ਨਹੀਂ ਹੈ, ਜਦਕਿ ਪਤਿਤ ਜਾਂ ਸਿਰਗੁੰਮ ਨਾਲ ਵਰਤਣ ਵਾਲਾ ਸਿੱਖ ਤਨਖਾਹੀਆ ਹੈ। ਸਪਸ਼ਟ ਹੈ ਕਿ ਸਹਿਜਧਾਰੀ ਤੇ ਪਤਿਤ ਜਾਂ ਸਿਰਗੁੰਮ ਵਿੱਚ ਬਹੁਤ ਵੱਡਾ ਅੰਤਰ ਹੈ।

'ਰਹਿਤਨਾਮਾ ਭਾਈ ਚਉਪਾ ਸਿੰਘ' ਅਨੁਸਾਰ, "*ਗੁਰੂ ਕਾ ਸਿਖ ਬਿਖਿਆ ਨਾ ਪੀਵੈ। ਭਾਵੈਂ ਸਹਜਧਾਰੀ ਹੋਵੈ, ਤਾਂ ਭੀ ਨਾ ਵਰਤੇ। ਨਾ ਨਸਵਾਰ ਲੇਵੈ।*"

ਬਿਖਿਆ ਤਮਾਕੂ ਨੂੰ ਕਹਿੰਦੇ ਹਨ। ਜੋ ਲੋਕ ਤਮਾਕੂ ਦਾ ਸੇਵਨ ਵੀ ਕਰਦੇ ਹਨ ਤੇ ਸਹਿਜਧਾਰੀ ਹੋਣ ਦਾ ਦਾਅਵਾ ਵੀ ਕਰਦੇ ਹਨ, ਉਨ੍ਹਾਂ ਨੂੰ ਚਾਹੀਦਾ ਹੈ ਕਿ ਇਨ੍ਹਾਂ ਪੰਕਤੀਆਂ 'ਤੇ ਵੀਚਾਰ ਕਰਨ। ਸਪਸ਼ਟ ਹੈ ਕਿ ਤਮਾਕੂ ਕੇਵਲ ਅੰਮ੍ਰਿਤਧਾਰੀ ਸਿੰਘ ਨੂੰ ਹੀ ਮਨ੍ਹਾਂ ਨਹੀਂ ਹੈ, ਬਲਕਿ ਇਸ ਦੀ ਮਨਾਹੀ ਸਹਿਜਧਾਰੀ ਨੂੰ ਵੀ ਹੈ।

'ਰਹਿਤਨਾਮਾ ਭਾਈ ਚਉਪਾ ਸਿੰਘ' ਵਿੱਚ ਲਿੱਖਿਆ ਹੈ, "*ਗੁਰੂ ਕਾ ਸਿਖ ਸਹਜਧਾਰੀ, ਭੱਦਣ ਨਾ ਕਰਾਏ।*" ਇੱਥੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਭਾਂਵੇਂ ਸਹਿਜਧਾਰੀ ਸਿਰ ਦੇ ਕੇਸਾਂ ਦੇ ਰਹਿਤ ਨਹੀਂ ਰੱਖਦਾ, ਪਰ ਉਸ ਨੂੰ ਬਿਲਕੁੱਲ ਘੋਨ-ਮੋਨ ਹੋ ਜਾਣ ਦਾ, ਮੁੰਡਨ ਕਰਵਾਉਣ ਦਾ ਵੀ ਹੁਕਮ ਨਹੀਂ ਹੈ। ਮੁੰਡਨ ਆਮ ਤੌਰ 'ਤੇ ਮਾਤਾ ਜਾਂ ਪਿਤਾ ਦੀ ਮੌਤ 'ਤੇ ਪੁੱਤਰਾਂ ਵੱਲੋਂ ਕੀਤਾ ਜਾਂਦਾ ਹੈ। ਸਹਿਜਧਾਰੀ ਕਦੇ ਮੁੰਡਨ ਨਹੀਂ ਕਰਦਾ।

ਇਸ ਰਹਿਤਨਾਮੇ ਦਾ ਇੱਕ ਹੋਰ ਬੜਾ ਮਹੱਤਵਪੂਰਨ ਉਪਦੇਸ਼ ਇਸ ਪ੍ਰਕਾਰ ਹੈ, "*ਗੁਰੂ ਕਾ ਸਿਖ ਸਹਜਧਾਰੀ ਰੋਮ ਕੈਂਚੀ ਨਾਲ ਉਤਰਾਵੈ। ਚਿਹਰਾ ਜ਼ਰੂਰ ਸਾਬਤ ਰਖੇ। ਦੀਦਾਰ ਚਿਹਰੇ ਦਾ ਹੈ।*"

ਇੱਥੋਂ ਅਸੀਂ ਦੇਖ ਸਕਦੇ ਹਾਂ ਕਿ ਅਜੋਕੇ ਅਖੌਤੀ ਸਹਿਜਧਾਰੀ ਆਪਣੇ ਲਈ ਨਿਯਤ ਨਿਯਮਾਂ ਦਾ ਪਾਲਣ ਨਹੀਂ ਕਰ ਰਹੇ। '*ਰੋਮ ਕੈਂਚੀ ਨਾਲ ਉਤਰਾਵੈ*' ਤੋਂ ਸਪਸ਼ਟ ਹੈ ਕਿ ਸਹਿਜਧਾਰੀ ਨੂੰ ਰੇਜ਼ਰ ਜਾਂ ਉਸਤਰਾ ਵਰਤਣ ਦੀ ਇਜਾਜ਼ਤ ਨਹੀਂ ਹੈ। ਉਸਨੂੰ ਹੁਕਮ ਹੈ ਕਿ '*ਚਿਹਰਾ ਜ਼ਰੂਰ ਸਾਬਤ ਰਖੇ*'। ਸਹਿਜਧਾਰੀ ਦਾੜ੍ਹੀ-ਮੁੱਛਾਂ ਰੱਖਦਾ ਹੈ। ਸਹਿਜਧਾਰੀ ਹੋਣ ਦਾ ਦਾਅਵਾ ਕਰਨ ਵਾਲਾ ਜੇ ਚਿਹਰੇ ਦੇ ਰੋਮਾਂ ਦੀ ਬੇਅਦਬੀ ਕਰਦਾ ਹੈ, ਤਾਂ 'ਰਹਿਤਨਾਮਾ ਭਾਈ ਚਉਪਾ ਸਿੰਘ' ਦੇ ਕਥਨ ਹੈ, "*ਜੋ ਸਿਖ ਸਹਜਧਾਰੀ ਹੋਇਕੈ ਚਿਹਰੇ ਦੇ ਰੋਮ ਲੁਹਾਏ, ਸੋ ਭੀ ਤਨਖਾਹੀਆ।*"

ਅਜਿਹਾ ਨਹੀਂ ਕਿ ਤਨਖਾਹੀਆ ਕੇਵਲ ਅੰਮ੍ਰਿਤਧਾਰੀ ਸਿੰਘ ਨੂੰ ਹੀ ਘੋਸ਼ਿਤ ਕੀਤਾ ਜਾ ਸਕਦਾ ਹੈ। 'ਰਹਿਤਨਾਮਾ ਭਾਈ ਚਉਪਾ ਸਿੰਘ' ਨੇ ਸਪਸ਼ਟ ਕਰ ਦਿੱਤਾ ਹੈ ਕਿ ਆਪਣੇ ਲਈ ਨਿਯਤ ਰਹਿਤ ਵਿੱਚ ਢਿੱਲ ਕਰਨ ਵਾਲਾ ਸਹਿਜਧਾਰੀ ਵੀ ਤਨਖਾਹੀਆ ਹੈ। ਉਹ ਲੋਕ ਭਰਮ ਵਿੱਚ ਹਨ, ਜੋ ਇਹ ਸੋਚਦੇ ਹਨ ਕਿ

ਸਹਿਜਧਾਰੀ ਹੋਣ ਦਾ ਮਤਲਬ ਸਿਰਫ਼ ਇੰਨਾ ਹੈ ਕਿ ਜ਼ਬਾਨੀ-ਕਲਾਮੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਮੰਨੋ, ਤੇ ਹੋਰ ਜੋ ਮਰਜ਼ੀ ਕਰੋ ।

'ਰਹਿਤਨਾਮਾ ਭਾਈ ਚਉਪਾ ਸਿੰਘ' ਨੇ ਚਰਨ-ਪਾਹੁਲ ਨੂੰ ਪ੍ਰਮਾਣਿਕ ਮੰਨਿਆ ਹੈ, "*ਗੁਰੂ ਕਿਆਂ ਬਚਨਾਂ ਅਨੁਸਾਰ ਪਾਹੁਲ ਚਰਨਾਂ ਦੀ ਪ੍ਰਮਾਣ ਹੈ । ਗੁਰੂ ਗ੍ਰੰਥ ਜੀ ਦੀ ਮੰਜੀ ਦਾ । ਚਰਨਾਮ੍ਰਿਤ ਵਿਚ ਪਤਾਸੇ ਪਾਏ । ਜਪੁਜੀ ਦੀਆਂ ਪੰਜ ਪਉੜੀਆਂ ਪੜ੍ਹ ਕੇ ਅਥਵਾ ਅਨੰਦ ਦੀਆਂ ਪੰਜ ਪਉੜੀਆਂ ਪੜ੍ਹ ਕੇ ਪਿਆਵੈ । ਤਨਖਾਹ ਲੈਣੀ ।*"

'*ਪਾਹੁਲ ਚਰਨਾਂ ਦੀ ਪ੍ਰਮਾਣ ਹੈ* ਤੋਂ ਇਹ ਭਾਵ ਨਹੀਂ ਕਿ ਇਹ ਗੁਰ-ਦੀਖਿਆ ਵਜੋਂ ਪ੍ਰਮਾਣਿਕ ਹੈ । ਜਿਵੇਂ ਗੁਰਸਿੱਖ ਪਰਿਵਾਰਾਂ ਵਿੱਚ ਨਵ-ਜੰਮੇ ਬੱਚੇ ਨੂੰ ਸ੍ਰੀ ਜਪੁ ਜੀ ਸਾਹਿਬ ਪੜ੍ਹਦਿਆਂ ਕ੍ਰਿਪਾਨ ਨਾਲ ਪਤਾਸੇ ਘੋਲ ਕੇ ਤਿਆਰ ਕੀਤੇ ਜਲ ਦੀ ਗੁੜ੍ਹਤੀ ਦਿੱਤੀ ਜਾਂਦੀ ਹੈ, ਪਰ ਇਹ ਜਲ ਗੁਰ-ਦੀਖਿਆ (ਖੰਡੇ ਦਾ ਅੰਮ੍ਰਿਤ) ਦੀ ਜਗ੍ਹਾ ਨਹੀਂ ਲੈ ਸਕਦਾ; ਉਵੇਂ ਹੀ ਪੁਰਾਤਨ ਸਮੇਂ ਵਿੱਚ ਸਹਿਜਧਾਰੀਆਂ ਨੂੰ ਪਾਹੁਲ ਦਿੱਤੀ ਜਾਂਦੀ ਰਹੀ ਹੈ । ਸਹਿਜਧਾਰੀ ਉਹ ਹੈ, ਜੋ ਸਹਿਜੇ-ਸਹਿਜੇ ਸਿੱਖੀ ਦੇ ਮਾਰਗ ਵੱਲ ਆ ਰਿਹਾ ਹੈ । ਜਦੋਂ ਉਹ ਸਿੱਖ ਮਤਿ ਵਿੱਚ ਵਿਧੀ-ਵਤ ਪ੍ਰਵੇਸ਼ ਕਰਦਾ ਹੈ, ਤਾਂ ਖੰਡੇ ਦਾ ਅੰਮ੍ਰਿਤ ਛੱਕਦਾ ਹੈ ।

ਤਨਖਾਹ ਉਹ ਧਰਮ-ਦੰਡ ਹੈ, ਜੋ ਕਿਸੇ ਸਿੱਖ ਨੂੰ ਉਸ ਵੱਲੋਂ ਕੀਤੀ ਕਿਸੀ ਕੁ-ਰਹਿਤ ਲਈ ਲਗਾਇਆ ਜਾਂਦਾ ਹੈ । ਸਹਿਜਧਾਰੀ ਵੀ ਜੇ ਆਪਣੇ ਲਈ ਨਿਯਤ ਰਹਿਤ ਦੀ ਉਲੰਘਣਾ ਕਰਦਾ ਹੈ, ਤਾਂ ਇਸ ਧਰਮ-ਦੰਡ ਦਾ ਭਾਗੀ ਹੈ ।

ਅੱਜ ਇਸ ਗੱਲ ਦੀ ਬਹੁਤ ਲੋੜ ਹੈ ਕਿ ਸਹਿਜਧਾਰੀ ਪਰਿਵਾਰਾਂ ਵਿੱਚ ਗੁਰਮਤਿ ਦਾ ਪ੍ਰਚਾਰ ਕੀਤਾ ਜਾਏ, ਤਾਂ ਕਿ ਉਨ੍ਹਾਂ ਨੂੰ ਹੋਰਨਾਂ ਫਿਰਕਿਆਂ ਵਿੱਚ ਜਜ਼ਬ ਹੋਣ ਤੋਂ ਬਚਾ ਕੇ ਖੰਡੇ ਦਾ ਅੰਮ੍ਰਿਤ ਛਕਣ ਲਈ ਪ੍ਰੇਰਿਤ ਕੀਤਾ ਜਾ ਸਕੇ । ਨਾਲ ਹੀ ਨਾਲ, ਇਸ ਗੱਲ ਦਾ ਵੀ ਧਿਆਨ ਰੱਖਣਾ ਚਾਹੀਦਾ ਹੈ ਕਿ ਕੋਈ ਪਤਿਤ ਵਿਅਕਤੀ ਸਹਿਜਧਾਰੀ ਦਾ ਮੁਖੌਟਾ ਪਾ ਕੇ ਸਿੱਖੀ ਦਾ ਨੁਕਸਾਨ ਨਾ ਕਰ ਸਕੇ ।

*